ਪੰਜਾਬ ਸਰਕਾਰ
ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ,
ਵਿਕਾਸ ਭਵਨ, ਸੈਕਟਰ-62, ਐਸ.ਏ.ਐਸ. ਨਗਰ (ਮੁਹਾਲੀ)
(ਸ਼ਿਕਾਇਤ ਸ਼ਾਖਾ)

ਹੁਕਮ

ਸ੍ਰੀ ਕ੍ਰਿਸ਼ਨ ਸਿੰਘ ਡਡਵਾਲ, ਐਡਵੋਕੇਟ ਵਲੋਂ ਸ੍ਰੀ ਕੁਲਦੀਪ ਸਿੰਘ ਪੁੱਤਰ ਸ੍ਰੀ ਕੇਵਲ ਸਿੰਘ ਪੰਚ, ਗਰਾਮ ਪੰਚਾਇਤ ਖਜੂਰਲਾ ਦੇ ਬੀਹਾਫ ਤੇ ਮਿਤੀ: 16.01.2022 ਰਾਹੀਂ ਲੀਗਲ ਨੋਟਿਸ ਜੋ ਇਸ ਸ਼ਾਖਾ ਵਿੱਚ ਮਿਤੀ:27.01.2022 ਰਾਹੀਂ ਪ੍ਰਾਪਤ ਹੋਇਆ ਸੀ, ਜਿਸ ਵਿੱਚ ਗਰਾਮ ਪੰਚਾਇਤ ਖਜੂਰਲਾ, ਬਲਾਕ ਫਗਵਾੜਾ, ਜ਼ਿਲਾ ਕਪੂਰਥਲਾ ਵਿੱਚ ਖਸਰਾ ਨੰ:109, 5 ਕਨਾਲ, 13 ਮਰਲੇ ਜੋ ਮੇਨ ਨੈਸ਼ਨਲ ਹਾਈਵੇ ਜਲੰਧਰ-ਦਿਲੀ ਤੇ ਸਥਿਤ ਸੀ, ਦੇ ਤਬਾਦਲੇ ਵਿੱਚ ਫਰਾਡ ਕਰਨ ਸਬੰਧੀ ਸ੍ਰੀ ਅਜੈ ਕੁਮਾਰ ਸਰਪੰਚ, ਗਰਾਮ ਪੰਚਾਇਤ ਖਜੂਰਲਾ, ਬਲਾਕ ਫਗਵਾੜਾ, ਜ਼ਿਲਾ ਕਪੂਰਥਲਾ ਦੀ ਸ਼ਿਕਾਇਤ ਕੀਤੀ ਗਈ ਸੀ।ਇਸ ਲੀਗਲ ਨੋਟਿਸ ਦੀ ਫੋਟੋਕਾਪੀ ਜ਼ਿਲਾ ਵਿਕਾਸ ਅਤੇ ਪੰਚਾਇਤ ਅਫਸਰ, ਕਪੂਰਥਲਾ ਨੂੰ ਪੱਤਰ ਨੰ:6/6/22/ਕਪੂਰਥਲਾ-ਸ਼/1876, ਮਿਤੀ:18.02.2022 ਰਾਹੀਂ ਭੇਜਕੇ ਪੜਤਾਲ ਕਰਕੇ ਰਿਪੋਰਟ ਭੇਜਣ ਲਈ ਲਿਖਿਆ ਗਿਆ।

ਜ਼ਿਲਾ ਵਿਕਾਸ ਅਤੇ ਪੰਚਾਇਤ ਅਫਸਰ, ਕਪੂਰਥਲਾ ਵਲੋਂ ਪੱਤਰ ਨੰ:3633, ਮਿਤੀ: 20.09.2022 (ਸ਼ਾਖਾ ਵਿੱਚ ਮਿਤੀ: 29.9.2022 ਨੂੰ ਪ੍ਰਾਪਤ ਹੋਈ)ਰਾਹੀਂ ਰਿਪੋਰਟ ਭੇਜਦੇ ਹੋਏ ਸੂਚਿਤ ਕੀਤਾ ਕਿ ਪੜਤਾਲ ਸਮੇਂ ਦਿੱਤੇ ਗਏ ਬਿਆਨ ਪੇਸ਼ ਕੀਤੇ ਗਏ ਦਸਤਾਵੇਜ਼ਾਂ ਤੋਂ ਸਾਬਤ ਹੁੰਦਾ ਹੈ ਕਿ ਜੋ ਗਰਾਮ ਪੰਚਾਇਤ ਵਲੋਂ ਜੋ ਮਿਤੀ: 05.07.2021 ਨੂੰ ਆਮ ਇਜਲਾਸ ਕੀਤਾ ਗਿਆ ਹੈ।ਉਹ ਸ੍ਰੀ ਸੁਖਦੇਵ ਸਿੰਘ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਦੀ ਹਾਜ਼ਰੀ ਵਿੱਚ ਕੀਤਾ ਗਿਆ ਹੈ।ਇਸ ਆਮ ਇਜਲਾਸ ਦੇ ਮਤਾ ਨੰ: 1 ਵਿੱਚ 5-5 ਮਰਲੇ ਦੇ ਪਲਾਟ ਦੇਣ ਦੀ ਮੰਗ ਕੀਤੀ ਗਈ ਹੈ ਅਤੇ ਇਸੇ ਮਤੇ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਪਲਾਟ ਦੇਣ ਲਈ ਲੋੜੀਂਦੀ ਜਗ੍ਹਾਂ ਘੱਟ ਹੋਣ ਕਾਰਨ ਹੋਰ ਜਗ੍ਹਾਂ ਦਾ ਤਬਾਦਲਾ ਕਰਨ ਦੀ ਮੰਗ ਕੀਤੀ ਗਈ ਹੈ।ਮਤਾ ਨੰ:2 ਵਿੱਚ ਗਰਾਮ ਸਭਾ ਦੇ ਮੈਂਬਰਾਂ ਵਲੋਂ 60 ਵਿਅਕਤੀਆਂ ਨੂੰ 5-5 ਮਰਲੇ ਦੇ ਪਲਾਟ ਦੇਣ ਲਈ ਸ੍ਰੀ ਅਸ਼ੋਕ ਕੁਮਾਰ ਪੁੱਤਰ ਸ਼ਿਵਦੱਤ ਮਕਾਨ ਨੰ:197 ਸ਼ਕਤੀ ਨਗਰ ਜਲੰਧਰ ਨਾਲ ਤਬਾਦਲਾ ਕਰਨ ਲਈ ਸਹਿਮਤੀ ਪ੍ਰਗਟਾਈ ਹੈ।ਮਤਾ ਨੰ: 3 ਵਿੱਚ ਛੱਪੜ ਦੀ ਸਾਫ ਸਫਾਈ ਪੋਪ ਲਾਈਨ ਲਾਕੇ ਉਸਦੀ ਗਾਰ ਕਢਕੇ ਕਰਨ ਲਈ ਲਿਖਿਆ ਗਿਆ ਹੈ।ਮਤਾ ਨੰ:4 ਵਿੱਚ ਗਰਾਮ ਪੰਚਾਇਤ ਦੀ ਖਾਲੀ ਪਈ ਜਗ੍ਹਾਂ ਆਂਗਣਵਾੜੀ ਸੈਂਟਰ ਦੇ ਨਾਲ 5 ਦੁਕਾਨਾਂ ਅਤੇ ਸੁਸਾਇਟੀ ਬੈਂਕ ਦੇ ਸਾਹਮਣੇ 5 ਦੁਕਾਨਾਂ ਕੁੱਲ 10 ਦੁਕਾਨਾਂ ਦੀ ਉਸਾਰੀ ਕਰਨਾ ਚਾਹੁੰਦੀ ਹੈ।ਮਤਾ ਨੰ:5 ਵਿਚ ਗਰਾਮ ਪੰਚਾਇਤ ਦੀ ਸ਼ਾਮਲਾਤ ਜ਼ਮੀਨ ਦੇ ਖਸਰਾ ਨੰ:75 ਰਕਬਾ 37 ਕਨਾਲ 12 ਮਰਲੇ ਦੀ ਨਿਸ਼ਾਨਦੇਹੀ ਕਰਵਾਉਣ ਲਈ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਫਗਵਾੜਾ ਰਾਹੀਂ ਤਹਿਸੀਲਦਾਰ ਫਗਵਾੜਾ ਨੂੰ ਲਿਖਣ ਲਈ ਪ੍ਰਵਾਨ ਕੀਤਾ।ਇਹ ਆਮ ਇਜਲਾਸ ਨੂੰ ਵਿਚਾਰਨ ਤੇ ਸਾਬਤ ਹੁੰਦਾ ਹੈ ਕਿ ਮਤਾ ਨੰ:1 ਸਬੰਧੀ ਕੋਈ ਕਾਰਵਾਈ ਨਹੀਂ ਕੀਤੀ ਗਈ ਅਤੇ ਨਾ ਹੀ ਕੋਈ ਪਲਾਟ ਦਿੱਤਾ ਗਿਆ।ਮਤਾ ਨੰ:2 ਅਨੁਸਾਰ ਕੀਮਤ ਨਿਰਧਾਰਤ ਕਮੇਟੀ ਵਲੋਂ ਤਬਾਦਲੇ ਸਬੰਧੀ ਜ਼ਮੀਨ

ਦੇ ਰੇਟ ਫਿਕਸ ਕੀਤੇ ਗਏ ਹਨ ਅਤੇ ਇਹ ਤਬਾਦਲਾ ਵੱਖ ਵੱਖ ਇਤਰਾਜ ਲਗਣ ਕਾਰਨ ਵਿਚਾਰ ਅਧੀਨ ਹੈ।ਮਤਾ ਨੰ: 3 ਵਿੱਚ ਸ਼ਿਕਾਇਤਕਰਤਾ ਵਲੋਂ ਆਪਣੇ ਬਿਆਨਾਂ ਵਿੱਚ ਕੋਈ ਜ਼ਿਕਰ ਨਹੀਂ ਕੀਤਾ ਗਿਆ।ਮਤਾ:4 ਦੇ ਸਬੰਧ ਵਿੱਚ ਸਰਪੰਚ ਖਿਲਾਫ ਇੱਕ ਵਖਰੇ ਤੌਰ ਤੇ ਮਨੀਸ਼ ਉੱਪਲ ਵਲੋਂ ਇਹ ਸ਼ਿਕਾਇਤ ਕੀਤੀ ਸੀ ਕਿ ਉਸ ਵਲੋਂ ਦੁਕਾਨਾਂ ਦੀ ਉਸਾਰੀ ਲਈ 4.00 ਲੱਖ ਰੁਪਏ ਪੰਚਾਇਤ ਦੇ ਖਾਤੇ ਵਿੱਚ ਅਤੇ 1.75 ਲੱਖ ਰੁਪਏ ਸਰਪੰਚ ਦੇ ਨਿੱਜੀ ਖਾਤੇ ਵਿੱਚ ਅਤੇ 1.25 ਲੱਖ ਰੁਪਏ ਨਕਦ (ਕੁੱਲ 7.00 ਲੱਖ ਰੁਪਏ) ਲਏ ਗਏ ਹਨ।ਇਸ ਦੀ ਪੜਤਾਲ ਦੌਰਾਨ ਪਾਇਆ ਗਿਆ ਕਿ ਸਰਪੰਚ ਵਲੋਂ ਕੋਈ ਦੁਕਾਨ ਦੀ ਉਸਾਰੀ ਨਹੀਂ ਕੀਤੀ ਗਈ ਅਤੇ ਸਰਪੰਚ ਇਹ ਪੈਸੇ ਗਲਤ ਇਰਾਦੇ ਨਾਲ ਲਏ ਹਨ।ਮਤਾ ਨੰ:5 ਗਰਾਮ ਪੰਚਾਇਤ ਦੇ ਖਸਰਾ ਨੰ:75 ਰਕਬਾ 37 ਕਨਾਲ 12 ਮਰਲੇ ਦੀ ਨਿਸ਼ਾਨਦੇਹੀ ਕਰਵਾਉਣ ਲਈ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਫਗਵਾੜਾ ਰਾਹੀਂ ਤਹਿਸੀਲਦਾਰ ਫਗਵਾੜਾ ਨੂੰ ਲਿਖਣ ਲਈ ਪ੍ਰਵਾਨ ਕੀਤਾ ਗਿਆ ਹੈ।ਦੁਕਾਨਾਂ ਦੇ ਕਿਰਾਏ ਸਬੰਧੀ ਵਾਚਣ ਤੇ ਪਾਇਆ ਗਿਆ ਕਿ ਦਰਖਾਸਤਕਰਤਾ ਵਲੋਂ ਜੋ ਰਸੀਦਾਂ ਪੇਸ਼ ਕੀਤੀਆਂ ਹਨ, ਉਹ ਪੰਚਾਇਤ ਦੀਆਂ ਨਹੀਂ ਹਨ।ਪਰ ਰਿਕਾਰਡ ਅਨੁਸਾਰ ਪੰਚਾਇਤ ਦੀ ਰਸੀਦ ਨੰ:4 ਅਨੁਸਾਰ ਦੁਕਾਨਦਾਰਾਂ ਕੋਲੋ ਕਿਰਾਇਆ ਵਸੂਲਿਆ ਗਿਆ ਹੈ।ਇਸ ਤਰ੍ਹਾਂ ਸਰਪੰਚ ਵਿਰੁੱਧ ਕਾਰਵਾਈ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।

ਉਕਤ ਪ੍ਰਾਪਤ ਹੋਈ ਰਿਪੋਰਟ ਦੀ ਫੋਟੋਕਾਪੀ ਇਸ ਦਫਤਰ ਦੇ ਪੱਤਰ ਨੰ:6/6/22/ਕਪੂਰਥਲਾ-ਸ਼/10190, ਮਿਤੀ: 04.10.2022 ਰਾਹੀਂ ਸ੍ਰੀ ਅਜੈ ਕੁਮਾਰ ਸਰਪੰਚ, ਗਰਾਮ ਪੰਚਾਇਤ ਖਜੂਰਲਾ, ਬਲਾਕ ਫਗਵਾੜਾ, ਜ਼ਿਲਾ ਕਪੂਰਥਲਾ ਨੂੰ ਭੇਜਕੇ ਪੰਜਾਬ ਪੰਚਾਇਤੀ ਰਾਜ ਐਕਟ, 1994 ਅਧੀਨ ਨੋਟਿਸ ਜਾਰੀ ਕਰਕੇ ਸਪਸ਼ਟੀਕਰਨ 15 ਦਿਨਾਂ ਦੇ ਅੰਦਰ ਪੇਸ਼ ਕਰਨ ਲਈ ਲਿਖਿਆ ਗਿਆ ਹੈ।ਸਰਪੰਚ ਵਲੋਂ ਆਪਣੇ ਵਿਰੁੱਧ ਲਗੇ ਦੋਸ਼ਾਂ ਨੂੰ ਨਕਾਰਦੇ ਹੋਏ ਕੇਸ ਦਾਖਲ ਦਫਤਰ ਕਰਨ ਦੀ ਬੇਨਤੀ ਕੀਤੀ ਗਈ।ਜਵਾਬ ਨੂੰ ਵਾਚਣ ਉਪਰੰਤ ਕੇਸ ਨਿੱਜੀ ਸੁਣਵਾਈ ਮਿਤੀ:21.11.2022 ਅਤੇ ਮਿਤੀ: 24.11.2022 ਲਈ ਨਿਸ਼ਚਿਤ ਕੀਤਾ ਗਿਆ।ਨਿਸ਼ਚਿਤ ਮਿਤੀ ਤੇ ਸਰਪੰਚ ਅਤੇ ਉਸਦਾ ਵਕੀਲ ਹਾਜ਼ਰ ਆਇਆ ਅਤੇ ਹਾਜ਼ਰ ਆਕੇ ਆਪਣੇ ਵਿਰੁੱਧ ਲਗੇ ਦੋਸ਼ਾਂ ਸਬੰਧੀ ਬਹਿਸ ਕੀਤੀ ਗਈ।

ਮਿਸਲ ਤੇ ਦਰਜ ਦਸਤਾਵੇਜ਼ ਅਤੇ ਜ਼ਿਲਾ ਵਿਕਾਸ ਅਤੇ ਪੰਚਾਇਤ ਅਫਸਰ, ਕਪੂਰਥਲਾ ਵਲੋਂ ਪੱਤਰ ਨੰ:3633, ਮਿਤੀ: 20.09.2022, ਪੱਤਰ ਨੰ:3609, 16.09.2022 ਰਾਹੀਂ ਪ੍ਰਾਪਤ ਹੋਈਆਂ ਰਿਪੋਰਟਾਂ ਅਨੁਸਾਰ ਸਰਪੰਚ ਵਿਰੁੱਧ ਦੁਕਾਨਾਂ ਦੀ ਸਕਿਉਰਟੀ ਦੀ ਕੁੱਲ ਰਕਮ 7 ਲੱਖ ਰੁਪਏ ਵਿਚੋਂ 4 ਲੱਖ ਰੁਪਏ ਆਪਣੇ ਨਿੱਜੀ ਖਾਤੇ ਵਿੱਚ ਅਤੇ 1.25 ਲੱਖ ਰੁਪਏ ਨਕਦ ਲੈਣ ਦਾ ਦੋਸ਼ ਸਿੱਧ ਹੁੰਦਾ ਹੈ।ਇਸ ਤੋਂ ਇਲਾਵਾ ਉਕਤ ਰਿਪੋਰਟ ਮੁਤਾਬਕ ਦੁਕਾਨਾਂ ਦੇ ਕਿਰਾਏ ਸਬੰਧੀ ਜੋ ਰਸੀਦਾਂ ਦਰਖਾਸਤਕਰਤਾ ਵਲੋਂ ਪੇਸ਼ ਕੀਤੀਆਂ ਗਈਆਂ ਸਨ, ਉਹ ਪੰਚਾਇਤ ਦੀਆਂ ਨਹੀਂ ਹਨ।ਇਸ ਤੋਂ ਇਹ ਸਾਬਤ ਹੁੰਦਾ ਹੈ ਕਿ ਉਕਤ ਸਰਪੰਚ ਦੁਆਰਾ ਪੰਚਾਇਤੀ ਦੁਕਾਨਾਂ ਦੀਆਂ ਜਾਅਲੀ ਰਸੀਦਾਂ ਜਾਰੀ ਕੀਤੀਆਂ ਗਈਆਂ ਹਨ।ਅਜਿਹਾ ਕਰਕੇ ਉਸ ਨੇ ਨਾ ਸਿਰਫ ਬਤੌਰ ਸਰਪੰਚ ਆਪਣੇ

ਫਰਜ਼ਾਂ ਵਿੱਚ ਘੋਰ ਕੁਤਾਹੀ ਵਰਤੀ ਹੈ, ਬਲਕਿ ਪੰਚਾਇਤ ਨੂੰ ਵਿੱਤੀ ਨੁਕਸਾਨ ਵੀ ਪਹੁੰਚਾਇਆ ਹੈ।ਸਰਪੰਚ ਵਲੋਂ ਦਿੱਤਾ ਗਿਆ ਜਵਾਬ ਵੀ ਤਸੱਲੀਬਖਸ਼ ਨਹੀਂ ਹੈ। ਅਜਿਹੇ ਸਰਪੰਚ ਦਾ ਆਪਣੇ ਅਹੁਦੇ ਤੇ ਬਣੇ ਰਹਿਣਾ ਲੋਕ ਹਿੱਤ ਵਿੱਚ ਨਹੀਂ ਹੈ।ਇਹਨਾਂ ਤੱਥਾਂ ਦੇ ਮੱਦੇਨਜ਼ਰ ਪੰਜਾਬ ਪੰਚਾਇਤੀ ਰਾਜ ਐਕਟ, 1994 ਦੀ ਧਾਰਾ 20 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਸ੍ਰੀ ਅਜੇ ਕੁਮਾਰ ਸਰਪੰਚ, ਗਰਾਮ ਪੰਚਾਇਤ ਖਜੂਰਲਾ, ਬਲਾਕ ਫਗਵਾੜਾ, ਜ਼ਿਲਾ ਕਪੂਰਥਲਾ ਨੂੰ ਦੋਸ਼ ਸਾਬਤ ਹੋਣ ਕਰਕੇ ਤੁਰੰਤ ਅਹੁਦੇ ਤੋਂ ਮੁਅੱਤਲ ਕੀਤਾ ਜਾਂਦਾ ਹੈ।

ਇਹਨਾ ਹੁਕਮਾਂ ਨਾਲ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਸਿਵਲ ਰਿੱਟ ਪਟੀਸ਼ਨ ਨੰ:17389 ਆਫ 2022-ਕੁਲਦੀਪ ਸਿੰਘ ਬਨਾਮ ਪੰਜਾਬ ਸਰਕਾਰ ਵਿੱਚ ਮਿਤੀ:08.08.2022 ਨੂੰ ਕੀਤੇ ਹੁਕਮਾਂ ਸਬੰਧੀ ਲੀਗਲ ਨੋਟਿਸ ਮਿਤੀ:16.01.2022 ਦਾ ਨਿਪਟਾਰਾ ਕੀਤਾ ਜਾਂਦਾ ਹੈ।

ਪੰਜਾਬ ਪੰਚਾਇਤੀ ਰਾਜ ਐਕਟ 1994 ਦੀ ਧਾਰਾ 20 (5) ਅਨੁਸਾਰ 20 ਅਧੀਨ ਮੁੱਅਤਲ ਹੋਣ ਵਾਲਾ ਸਰਪੰਚ ਪੰਚਾਇਤ ਦੀ ਕਿਸੇ ਵੀ ਕਾਰਵਾਈ ਵਿਚ ਭਾਗ ਨਹੀਂ ਲੈ ਸਕਦਾ ਅਤੇ ਉਸਦੀ ਮੁਅੱਤਲੀ ਦੇ ਸਮੇਂ ਦੋਰਾਨ ਪੰਚਾਇਤ ਦਾ ਰਿਕਾਰਡ, ਪੰਚਾਇਤੀ ਫੰਡ ਅਤੇ ਹੋਰ ਜਾਇਦਾਦ ਦਾ ਚਾਰਜ ਅਜਿਹੇ ਪੰਚ ਨੂੰ ਦਿੱਤਾ ਜਾਵੇਗਾ ਜ਼ੋ ਕਿ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਵੱਲੋਂ ਬਾਕੀ ਦੇ ਪੰਚਾਂ ਵਿਚੋਂ ਚੁਣਿਆ ਜਾਵੇਗਾ।ਇਸਦੇ ਨਾਲ ਹੀ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਫਗਵਾੜਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜਿਹੜੇ ਬੈਂਕਾਂ ਵਿਚ ਸਰਪੰਚ ਦੇ ਨਾਮ ਤੇ ਗ੍ਰਾਮ ਪੰਚਾਇਤ ਦੇ ਖਾਤੇ ਚਲਦੇ ਹਨ, ਉਹ ਤੁਰੰਤ ਸੀਲ ਕਰਕੇ ਉਸ ਪਾਸੋਂ ਚਾਰਜ ਲੈ ਕੇ ਰਿਪੋਰਟ ਇਸ ਦਫਤਰ ਨੂੰ ਭੇਜ਼ੀ ਜਾਵੇ।

ਮੁਹਾਲੀ ਮਿਤੀ:
24-11-2022

ਗੁਰਪ੍ਰੀਤ ਸਿੰਘ ਖਹਿਰਾ, ਆਈ.ਏ.ਐੱਸ.
ਡਾਇਰੈਕਟਰ,ਪੇਂਡੂ ਵਿਕਾਸ ਅਤੇ ਪੰਚਾਇਤ

ਪਿੱਠ ਅੰਕਣ ਨੰ: 6/6/22/ਕਪੂਰਥਲਾ-ਸ਼/ 12626-29 ਮਿਤੀ: 15/12/22

ਉਪਰੋਕਤ ਦੀ ਇੱਕ ਨਕਲ ਹੇਠ ਲਿਖਿਆਂ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਲਈ ਭੇਜੀ ਜਾਂਦੀ ਹੈ :-

1. ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ, ਕਪੂਰਥਲਾ;
2. ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ, ਫਗਵਾੜਾ, ਜ਼ਿਲਾ ਕਪੂਰਥਲਾ;
3. ਸ੍ਰੀ ਅਜੈ ਕੁਮਾਰ ਸਰਪੰਚ, ਗਰਾਮ ਪੰਚਾਇਤ ਖਜੂਰਲਾ, ਬਲਾਕ ਫਗਵਾੜਾ, ਜ਼ਿਲਾ ਕਪੂਰਥਲਾ **(ਰਜਿਸਟਰਡ)**
4. ਸ੍ਰੀ ਕੁਲਦੀਪ ਸਿੰਘ ਪੁੱਤਰ ਸ੍ਰੀ ਕੇਵਲ ਸਿੰਘ ਪੰਚ, ਗਰਾਮ ਪੰਚਾਇਤ ਖਜੂਰਲਾ, ਬਲਾਕ ਫਗਵਾੜਾ, ਜ਼ਿਲਾ ਕਪੂਰਥਲਾ।

ਸੁਪਰਡੰਟ(ਸ਼ਿਕਾਇਤ ਸ਼ਾਖਾ)
ਵਾ: ਡਾਇਰੈਕਟਰ ਪੇਂਡੂ ਵਿਕਾਸ ਅਤੇ ਪੰਚਾਇਤ